# ਭਾਸ਼ਾ ਵਿਗਿਆਨੀ ਡਾ ਪ੍ਰੇਮ ਪ੍ਰਕਾਸ਼ ਨਾਲ ਆਖਰੀ ਮੁਲਾਕਾਤ

**ਮੁਲਾਕਾਤੀ - ਪ੍ਰੇਮ ਗੋਰਖੀ**

ਭਾਸ਼ਾ ਵਿਗਿਆਨੀ, ਪੰਜਾਬੀ ਦੇ ਮਹਾਂ ਪੰਡਤ ਤੇ ਗੁਰਬਾਣੀ ਦੇ ਗਿਆਤਾ ਡਾ. ਪ੍ਰੇਮ ਪ੍ਰਕਾਸ਼ ਸਿੰਘ ਅੱਜ ਸਾਡੇ ਵਿਚ ਨਹੀਂ ਰਹੇ। ਪਟਿਆਲਾ ਵਿਖੇ ੩੦ ਅਕਤੂਬਰ ਨੂੰ ਉਨ੍ਹਾਂ ਦੀ ਮੌਤ ਹੋ ਗਈ। ਉਹ ਡੇਢ ਮਹੀਨਾ ਪਹਿਲਾਂ ਆਪਣੇ ਪਰਿਵਾਰ ਸਮੇਤ ਵੈਨਕੂਵਰ (ਕੈਨੇਡਾ) ਤੋਂ ਪਟਿਆਲੇ ਆਏ ਸਨ। ਦੋ ਮਹੀਨੇ ਪਹਿਲਾਂ ਸਰੀ ਸ਼ਹਿਰ ਵਿੱਚ ਉਨ੍ਹਾਂ ਦੀ ਰਿਹਾਇਸ਼ 'ਤੇ ਇਹ ਮੁਲਾਕਾਤ ਇਕ ਲੰਮੀ ਬੈਠਕ ਦੌਰਾਨ ਕੀਤੀ ਗਈ।

ਜ਼ਿਲ੍ਹਾ ਫਰੀਦਕੋਟ ਦਾ ਇਕ ਪਿੰਡ ਹੈ ਪੰਜ ਗਰਾਈਂ। ਏਸੇ ਪਿੰਡ ਦੇ ਇਕ ਘਰ ਵਿਚ ਜਨਮੇ ਸਨ ੧੦ ਦਸੰਬਰ ੧੯੨੬ ਨੂੰ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ, ਉਂਜ ਅਸਲੀ ਤੇ ਜੱਦੀ ਪਿੰਡ ਨੰਗਲ ਜ਼ਿਲ੍ਹਾ ਮੋਗਾ ਹੈ। ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਉਹ ਮੋਹਰੀ ਖੋਜੀ ਸਨ। ਉਨ੍ਹਾਂ ਮੁਢਲੀ ਪੜ੍ਹਾਈ ਪਿੰਡ ਦੇ ਉਰਦੂ ਸਕੂਲ ਤੋਂ ਸ਼ੁਰੂ ਕੀਤੀ। ਫੇਰ ਉਚੇਰੀ ਵਿੱਦਿਆ ਸੰਸਕ੍ਰਿਤ ਯੂਨੀਵਰਸਿਟੀ, ਵਾਰਾਣਸੀ, ਪੰਜਾਬ ਯੂਨੀਵਰਸਿਟੀ ਲਾਹੌਰ/ਸੋਲਨ ਅਤੇ ਜਲੰਧਰ, ਅੰਮ੍ਰਿਤਸਰ ਜਿਹੇ ਵਿਦਿਅਕ ਕੇਂਦਰਾਂ ਤੋਂ ਹਾਸਲ ਕੀਤੀ। ਉਨ੍ਹਾਂ ਡਿਗਰੀਆਂ ਵੀ ਬਹੁਤ ਹਾਸਲ ਕੀਤੀਆਂ ਅਤੇ ਨੌਕਰੀਆਂ ਵੀ ਬਥੇਰੀਆਂ ਕੀਤੀਆਂ। ਪੀ.ਐਚ.ਡੀ. ਤੋਂ ਬਿਨਾਂ ਐਮ.ਓ.ਐਲ. (ਮਾਸਟਰ ਆਫ ਓਰੀਐਂਟਲ ਲਰਨਿੰਗ), ਉਂਜ ਐਮ.ਏ. ਸੁਖ ਨਾਲ ਉਨ੍ਹਾਂ ਪੰਜਾਬੀ, ਹਿੰਦੀ ਤੇ ਸੰਸਕ੍ਰਿਤ ਵਿਚ ਕੀਤੀ ਅਤੇ ਪੰਜਾਬੀ, ਹਿੰਦੀ, ਸੰਸਕ੍ਰਿਤ ਵਿਚ ਆਨਰਜ਼ ਵੀ। ਸੰਸਕ੍ਰਿਤ ਮਾਧਿਅਮ ਵਾਰਾਣਸੀ ਤੋਂ ਕੀਤੀ। ਸੰਸਕ੍ਰਿਤ ਐਮ.ਏ. ਅੰਗਰੇਜ਼ੀ ਮਾਧਿਅਮ ਵਿਚ ਕੀਤੀ। ਡਾਕਟਰ ਸਾਹਿਬ ਪੰਜਾਬੀ, ਹਿੰਦੀ ਤੋਂ ਬਿਨਾਂ ਸੰਸਕ੍ਰਿਤ, ਉਰਦੂ, ਬ੍ਰਜ ਭਾਸ਼ਾ, ਪ੍ਰਾਕ੍ਰਿਤ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦੇ ਵਿਦਵਾਨ ਸਨ। ਮਹਾਭਾਰਤ ਜੋ ਸੰਸਕ੍ਰਿਤ ਵਿਚ ਹੈ ਉਨ੍ਹਾਂ ਪੰਜਾਬੀ ਵਿਚ ਅਨੁਵਾਦ ਕੀਤਾ ਜੋ ਭਾਸ਼ਾ ਵਿਭਾਗ ਪੰਜਾਬ ਵੱਲੋਂ ਛਪ ਚੁੱਕਾ ਹੈ।

ਪੰਜਾਬੀ ਭਾਸ਼ਾ ਦੇ ਵੱਖ-ਵੱਖ ਪੱਖਾਂ ਬਾਰੇ ਕਈ ਖੋਜ ਪੁਸਤਕਾਂ ਲਿਖੀਆਂ ਹਨ ਅਤੇ ਜਿਹੜੇ ਖੋਜ ਪਰਚੇ ਪੜ੍ਹੇ ਉਨ੍ਹਾਂ ਦੀ ਗਿਣਤੀ ਨਹੀਂ। 'ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ' ਭਾਰਤੀ ਕਾਵਿ ਸ਼ਾਸਤਰ, 'ਗੁਰੂ ਨਾਨਕ ਤੇ ਨਿਰਗੁਣ ਧਾਰਾ' (ਪੀ.ਐਚ.ਡੀ. ਥੀਸਿਸ), 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ' (੧੯੫੪), 'ਪੰਜਾਬੀ ਭਾਸ਼ਾ ਦਾ ਪਿਛੋਕੜ' ਸਿਧਾਂਤਕ ਭਾਸ਼ਾ ਵਿਗਿਆਨ, ਰੂਪ ਵਿਗਿਆਨ ਅਤੇ ਪੰਜਾਬੀ ਸ਼ਬਦ ਰਚਨਾ, ਕਾਵਿ ਦੇ ਤੱਤ, ਸਾਹਿਤ ਵਿਵੇਚਨ, ਮੋਹਨ ਸਿੰਘ ਦਾ ਕਾਵਿ ਲੋਕ, ਪ੍ਰੀਤਮ ਸਿੰਘ ਸਫੀਰ ਦਾ ਕਾਵਿ ਲੋਕ, ਜਪੁਜੀ ਪਾਠ ਔਰ ਪ੍ਰਵਚਨ (ਹਿੰਦੀ) ਪੁਸਤਕਾਂ ਹਨ। ਭਾਵੇਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਦਾ ਇਨਾਮਾਂ ਨਾਲ ਕੋਈ ਮੁਕਾਬਲਾ ਨਹੀਂ ਹੈ ਤੇ ਨਾ ਹੀ ਵੱਡੇ ਇਨਾਮਾਂ ਦੀ ਉਪਲਬਧੀ ਕੋਈ ਵੱਡਾ ਲੇਖਕ ਹੋਣ ਦੀ ਗਵਾਹੀ ਹੁੰਦੀ ਹੈ। ਦਵਿੰਦਰ ਸਤਿਆਰਥੀ ਨੂੰ ਜੇ ਸਾਹਿਤ ਅਕਾਡਮੀ ਦਾ ਇਨਾਮ ਨਹੀਂ ਦਿੱਤਾ ਗਿਆ ਤਾਂ ਕੀ ਭਲਾ ਉਹਦੀ ਮਹਾਨਤਾ ਇਹਦੇ ਨਾਲ ਘਟ ਜਾਵੇਗੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ੧੯੯੦ ਵਿਚ ਆਪ ਨੂੰ ਪ੍ਰਵਾਸੀ ਲਿਟਰੇਰੀ ਐਵਾਰਡ ਦਿੱਤਾ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਐਵਾਰਡ-੧੯੯੫ ਦਿੱਤਾ, ਅੰਤਰਰਾਜੀ ਕਲਾ ਮੰਚ ਐਵਾਰਡ-੧੯੯੮ ਵੀ ਦਿੱਤਾ ਗਿਆ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਕਦੇ ਭਾਸ਼ਾ ਵਿਭਾਗ ਪੰਜਾਬ ਵਿਚ ਉੱਚ ਅਹੁਦੇ ਉੱਪਰ ਰਹੇ, ਕਦੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਡਾਇਰੈਕਟਰ ਰਹੇ, ਹੋਰ ਕਈ ਅਦਾਰਿਆਂ ਵਿਚ ਨੌਕਰੀ ਕੀਤੀ ਤੇ ਅਖੀਰ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਡੀਨ ਵਜੋਂ ਰਿਟਾਇਰ ਹੋਏ। ਸੇਵਾ ਮੁਕਤੀ ਤੋਂ ਬਾਅਦ ਆਪ ਕੁਝ ਸਾਲ ਪੰਜਾਬ, ਪਟਿਆਲਾ ਵਿਖੇ ਆਪਣੇ ਘਰ ਰਹੇ, ਫਿਰ ਆਪਣੇ ਬੱਚਿਆਂ ਕੋਲ ਕਦੇ ਅਮਰੀਕਾ ਤੇ ਕਦੇ ਕੈਨੇਡਾ ਆਉਂਦੇ ਜਾਂਦੇ ਰਹੇ। ਪਿਛਲੇ ਕੁਝ ਸਮੇਂ ਤੋਂ ਉਹ ਵੈਨਕੂਵਰ ਦੇ ਸਰੀ ਇਲਾਕੇ ਵਿਚ ਆਪਣੀ ਬੇਟੀ ਰਿਸ਼ੀ ਦੇ ਘਰ ਰਹਿ ਰਹੇ ਸਨ। ਕਿਤਾਬਾਂ ਦਾ ਅਧਿਐਨ ਅਤੇ ਲੇਖਨ ਕਾਰਜ ਕਰਨ ਵਿਚ ਉਹ ਸਮਾਂ ਬਿਤਾ ਰਹੇ ਸਨ। ਜੇਬ ਖਰਚ ਵਲੋਂ ਜਾਂ ਆਰਥਕ ਹਾਲਤ ਪੱਖੋਂ ਭਾਵੇਂ ਕਿਸੇ ਤਰ੍ਹਾਂ ਦੀ ਕੋਈ ਊਣ ਨਹੀਂ ਸੀ ਪਰ ਪੰਜਾਬੀ ਭਾਸ਼ਾ ਦੇ ਵਿਗਿਆਨਕ ਪੱਖਾਂ ਨੂੰ ਡੂੰਘਿਆਂ ਜਾ ਕੇ ਵਿਚਾਰਨ ਵਾਲਾ ਸ਼ਬਦਾਂ ਦਾ ਇਹ ਮਹਾਜੇਤੂ ਬਹੁਤ ਕੁਝ ਕਰ ਸਕਣ ਦੇ ਸਮਰੱਥ ਹੋਣ ਦੇ ਬਾਵਜੂਦ ਖਾਲੀ-ਖਾਲੀ ਮਹਿਸੂਸ ਕਰ ਰਿਹਾ ਸੀ। ਉਹ ਇਸ ਗੱਲ ਲਈ ਅਚੰਭਾ ਜ਼ਾਹਰ ਕਰਦੇ ਸਨ ਕਿ ਕੈਨੇਡਾ ਸਰਕਾਰ ਆਪਣੇ ਸਕਾਲਰਾਂ, ਲੇਖਕਾਂ ਨੂੰ ਕਦੀ ਰਿਟਾਇਰ ਨਹੀਂ ਹੋਣ ਦਿੰਦੀ ਤੇ ਉਨ੍ਹਾਂ ਦੀ ਸਮਰੱਥਾ ਅਨੁਸਾਰ ਉਨ੍ਹਾਂ ਦੀ ਵਿਦਵਤਾ ਦਾ ਆਖਰੀ ਪਲਾਂ ਤੱਕ ਲਾਹਾ ਲੈਂਦੀ ਹੈ। ਪਿਛਲੇ ਦਿਨੀਂ ਕੈਨੇਡਾ ਫੇਰੀ ਸਮੇਂ ਪਹਿਲੀ ਮੇਰੀ ਮੁਲਾਕਾਤ ਉਨ੍ਹਾਂ ਨਾਲ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ, ਪ੍ਰਿੰਸ ਜਾਰਜ ਵਿਖੇ ਹੋਈ ਤੇ ਫਿਰ ਕਈ ਵਾਰੀ ਮੈਂ ਉਨ੍ਹਾਂ ਨੂੰ ਸਰੀ ਵਿਖੇ ਉਨ੍ਹਾਂ ਦੇ ਘਰ ਜਾ ਕੇ ਮਿਲਿਆ। ਇਸ ਸਮੇਂ ਦੌਰਾਨ ਹੀ ਹਥਲੀ ਗੱਲਬਾਤ ਹੋਈ। ਆਪ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਰਪ੍ਰਸਤ ਸਨ। ਜੋ ਡਾਕਟਰ ਸਾਹਿਬ ਨਾਲ ਜੁੜੀ ਸਦੀਵੀ ਯਾਦ ਬਣ ਗਈ ਹੈ।

ਸਵਾਲ ੈ ਡਾਕਟਰ ਸਾਹਿਬ, ਰਿਟਾਇਰਮੈਂਟ ਮੌਕੇ ਤੁਹਾਡੀ ਸਿਹਤ ਵੀ ਠੀਕ ਸੀ, ਤੁਸੀਂ ਚੰਗਾ ਕੰਮ ਕਰਰਹੇ ਸੀ, ਇਸ ਨੂੰ ਦੇਖਦਿਆਂ ਤੁਹਾਡੀ ਸੇਵਾ ਵਿਚ ਕੋਈ ਵਾਧਾ ਨਹੀਂ ਕੀਤਾ?

ਜਵਾਬ ਃ  ਮੈਨੂੰ ਦੋ ਸਾਲ ਦੀ ਐਕਸਟੈਂਸ਼ਨ ਮਿਲੀ ਸੀ, ਇਸ ਦੌਰਾਨ ਮੈਂ ਕੋਈ ਨਵਾਂ ਕੰਮ ਨਹੀਂ ਕੀਤਾ, ਬਸ ਵਿਸ਼ੇਸ਼ ਅਧਿਆਪਨ ਦਾ ਕਾਰਜ ਹੀ ਜਾਰੀ ਰੱਖ ਸਕਿਆ, ਵਿਭਾਗ ਦੀ ਲੋੜ ਵੀ ਇਹੋ ਸੀ।

ਸਃ ਸੇਵਾ ਮੁਕਤੀ ਤੋਂ ਬਾਅਦ ਪੰਜਾਬ ਸਰਕਾਰ ਨੇ ਕਿਸੇ ਅਹੁਦੇ ਲਈ, ਕਿਸੇ ਵਿਸ਼ੇਸ਼ ਅਧਿਐਨ ਕਾਰਜ ਲਈ ਜਾਂ ਕਿਸੇ ਨਵੇਂ ਪ੍ਰਜੈਕਟ ਦੀ ਪੇਸ਼ਕਸ਼ ਨਹੀਂ ਕੀਤੀ?

ਜਃ ਪੰਜਾਬ ਸਰਕਾਰ ਵਲੋਂ ਕਿਸੇ ਤਰ੍ਹਾਂ ਦੀ ਕਦੇ ਕੋਈ ਪੇਸ਼ਕਸ਼ ਨਹੀਂ ਹੋਈ। ਪੰਜਾਬੀ ਯੂਨੀਵਰਸਿਟੀ ਨੇ ਜ਼ਰੂਰ ਮੈਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਜਿਸ ਸਮੇਂ ਦੌਰਾਨ ਮੈਂ ਭਾਸ਼ਾ ਵਿਗਿਆਨ ਦੀ ਵੱਡ-ਅਕਾਰੀ ਪੁਸਤਕ ਦੀ ਸਿਰਜਣਾ ਕੀਤੀ।

ਸਃ ਤੁਸੀਂ ਸੰਸਕ੍ਰਿਤ, ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਦੇ ਵਿਦਵਾਨ ਵੀ ਹੋ, ਤੁਸੀਂ ਅਜਿਹੀ ਖੋਜ ਬਾਰੇ ਦੱਸੋ ਜੋ ਪੰਜਾਬੀ ਭਾਸ਼ਾ ਖੇਤਰ ਵਿਚ ਪਹਿਲੀ ਵਾਰ ਸਾਹਮਣੇ ਆਈ?

ਜਃ ਇਸ ਸਬੰਧ ਵਿਚ ਮੇਰੀਆਂ ਦੋ ਖੋਜ ਪੁਸਤਕਾਂ ਹਨ ਜੋ ਪਹਿਲੀ ਵਾਰ ਪੰਜਾਬੀ ਜਗਤ ਦੇ ਸਾਹਮਣੇ ਆਈਆਂ। ਪਹਿਲੀ ਪੁਸਤਕ 'ਭਾਰਤੀ ਕਾਵਿ ਸ਼ਾਸਤਰ' ਹੈ ਜਿਸ ਵਿਚ ਸਾਹਿਤ ਅਤੇ ਕਵਿਤਾ ਸਬੰਧੀ ਪੁਰਾਤਨ ਭਾਰਤੀ ਵਿਦਵਾਨਾਂ ਦੇ ਆਲੋਚਨਾਤਮਕ ਸਿਧਾਂਤ ਪੰਜਾਬੀ ਦੀਆਂ ਮਿਸਾਲਾਂ ਸਹਿਤ ਵਰਨਣ ਕੀਤੇ ਗਏ ਹਨ, ਮੁੱਖ ਤੌਰ 'ਤੇ ਉਹ ਛੇ ਹਨ ਰਸ ਸਿਧਾਂਤ, ਅਲੰਕਾਰ, ਸ਼ਬਦ ਸ਼ਕਤੀਆਂ, ਕਾਵਿ ਸ਼ੈਲੀ, ਵਕ੍ਰਉਕਤੀ ਅਤੇ ਉਚਿਤ ਸਿਧਾਂਤ। ਦੂਜੀ ਪੁਸਤਕ ਹੈ 'ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ' ਜਿਸ ਵਿਚ ਪੰਜਾਬੀ ਭਾਸ਼ਾ ਦੇ ਇਤਿਹਾਸਕ ਵਿਕਾਸ ਦਾ ਵਰਨਣ ਹੈ।

ਸਃ ਤੁਸੀਂ ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ ਸਬੰਧੀ ਕਿੰਨੀਆਂ ਪੁਸਤਕਾਂ ਦੀ ਰਚਨਾ ਕੀਤੀ ਹੈ?

ਜਃ ਪੰਜਾਬੀ ਭਾਸ਼ਾ ਦੇ ਅਧਿਐਨ ਲਈ ਪਹਿਲਾਂ ਭਾਸ਼ਾ ਵਿਗਿਆਨ ਦੇ ਸਿਧਾਂਤਾਂ ਦਾ ਅਧਿਐਨ ਕੀਤਾ ਜਾਂਦਾ ਹੈ ਕਿਉਂਕਿ ਪੰਜਾਬੀ ਭਾਸ਼ਾ ਦੇ ਸਰੂਪ ਦਾ ਵਰਨਣ ਕਰਨ ਲਈ ਕਿਸੇ ਮਾਡਲ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਆਮ ਸਿਧਾਂਤਕ ਭਾਸ਼ਾ ਵਿਗਿਆਨ ਬਾਰੇ ਅਤੇ ਪੰਜਾਬੀ ਦੀ ਉਤਪਤੀ, ਵਿਕਾਸ, ਬਣਤਰ ਅਤੇ ਰੂਪ ਰੇਖਾ ਸਬੰਧੀ ਛੇ ਪੁਸਤਕਾਂ ਰਚੀਆਂ ਹਨ।

ਸਃ ਜਿਵੇਂ ਤੁਸੀਂ ਪੰਜਾਬੀ ਭਾਸ਼ਾ ਵਿਗਿਆਨ ਬਾਰੇ ਬਹੁਤ ਡੂੰਘਾ ਤੇ ਨਿਵੇਕਲਾ ਕੰਮ ਕੀਤਾ ਹੈ, ਇਸ ਲੀਹ 'ਤੇ ਚਲਦਿਆਂ ਹੀ ਤੁਹਾਡੇ ਤੋਂ ਬਾਅਦ ਤੁਹਾਡੇ ਕਿਸੇ ਸਿਖਿਆਰਥੀ ਨੇ ਜਾਂ ਕਿਸੇ ਹੋਰ ਵਿਦਵਾਨ ਨੇ ਕੋਈ ਨਵਾਂ ਕੰਮ ਕੀਤਾ ਹੈ?

ਜਃ ਪੰਜਾਬੀ ਭਾਸ਼ਾ ਦੀ ਖੋਜ ਸਬੰਧੀ ਹੋਰ ਵਿਦਵਾਨਾਂ ਦੇ ਵੀ ਗੰਭੀਰ ਕੰਮ ਹਨ ਜਿਵੇਂ ਪ੍ਰੋਫੈਸਰ ਵਿਦਿਆ ਭਾਸਕਰ ਅਰਣ ਦੀ ਪੁਸਤਕ 'ਪੰਜਾਬੀ ਭਾਸ਼ਾ ਦਾ ਇਤਿਹਾਸ', ਡਾ. ਜੋਗਿੰਦਰ ਸਿੰਘ ਪੁਆਰ ਦੀ ਪੁਸਤਕ 'ਪੰਜਾਬੀ ਵਿਆਕਰਨ', ਡਾ. ਹਰਜੀਤ ਸਿੰਘ ਗਿੱਲ ਦੀ 'ਪੰਜਾਬੀ ਵਿਆਕਰਨ', ਪ੍ਰੋ. ਦੁਨੀ ਚੰਦਰ ਦੀ 'ਪੰਜਾਬੀ ਭਾਸ਼ਾ ਦਾ ਵਿਕਾਸ', ਪ੍ਰੋ. ਵੇਦ ਅਗਨੀਹੋਤਰੀ ਦੀ 'ਪਰਿਚਾਰਿਕ ਭਾਸ਼ਾ ਵਿਗਿਆਨ', ਡਾ. ਸੁਖਵਿੰਦਰ ਸਿੰਘ ਸੰਘਾ ਦੀ 'ਪੰਜਾਬੀ ਭਾਸ਼ਾ ਵਿਗਿਆਨ', ਡਾ. ਹਰਕੀਰਤ ਸਿੰਘ ਤੇ ਡਾ. ਉੱਜਲ ਸਿੰਘ ਬਾਹਰੀ ਦੀ ਸਾਂਝੀ ਪੁਸਤਕ 'ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ'। ਪਰ ਪੰਜਾਬੀ ਦੀ ਉਤਪਤੀ, ਵਿਕਾਸ ਅਤੇ ਜਨਮ ਸਬੰਧੀ ਠੋਸ ਕੇ ਕੀਤਾ ਗਿਆ ਮੁਢਲਾ ਕੰਮ ਮੇਰੀਆਂ ਪੁਸਤਕਾਂ ਵਿਚ ਹੀ ਮਿਲਦਾ ਹੈ।

ਸਃ ਪ੍ਰਿੰਸ ਜਾਰਜ ਵਿਖੇ ਹੋਈ ਕਾਨਫਰੰਸ ਵਿਚ ਡਾ. ਜਸਪਾਲ ਸਿੰਘ (ਅਮਰੀਕਾ) ਦੇ ਖੋਜ ਪੱਤਰ ਵਿਚ ਰਿਗਵੇਦ ਦੇ ਹਵਾਲੇ ਨਾਲ ਪੰਜਾਬੀ ਦਰਸ਼ਨ (ਫਿਲਾਸਫੀ) ਦਾ ਚਰਚਾ ਕੀਤਾ ਗਿਆ ਹੈ, ਤੁਸੀਂ ਇਸ ਦਰਸ਼ਨ ਬਾਰੇ ਕੁਝ ਵਿਸਥਾਰ ਵਿਚ ਦੱਸੋ?

ਜਃ ਡਾ. ਜਸਪਾਲ ਸਿੰਘ ਵਲੋਂ ਪੰਜਾਬੀ ਦਰਸ਼ਨ (ਫਿਲਾਸਫੀ) ਬਾਰੇ ਪਰਚਾ ਮੈਂ ਗਹੁ ਨਾਲ ਸੁਣਿਆ ਹੈ ਅਤੇ ਇਸ ਸਬੰਧੀ ਹੋਈ ਚਰਚਾ ਵਿਚ ਵੀ ਹਿੱਸਾ ਲਿਆ ਹੈ। ਮੈਂ ਸਮਝਦਾ ਹਾਂ ਕਿ ਪੰਜਾਬੀ ਫਿਲਾਸਫੀ ਦਾ ਨੁਕਤਾ ਪਹਿਲੀ ਵਾਰ ਵਿਦਵਾਨਾਂ ਦੇ ਸਾਹਮਣੇ ਆਇਆ ਹੈ। ਡਾ. ਜਸਪਾਲ ਸਿੰਘ ਇਕ ਅਜਿਹੇ ਵਿਦਵਾਨ ਹਨ ਜਿਨ੍ਹਾਂ ਨੇ ਸੰਸਕ੍ਰਿਤ ਦੀ ਵਿਧੀ ਪੂਰਵਕ ਪੜ੍ਹਾਈ ਕੀਤੀ ਹੈ। ਇਸ ਲਈ ਰਿਗਵੇਦ ਦੇ ਹਵਾਲੇ ਨਾਲ ਪੰਜਾਬੀ ਦਰਸ਼ਨ ਦੀ ਰੂਪ ਰੇਖਾ ਨੂੰ ਉਨ੍ਹਾਂ ਨੇ ਬਹੁਖੂਬੀਉਸਾਰਿਆ ਹੈ। ਇਹ ਅਜੇ ਨਵਾਂ ਵਿਸ਼ਾ ਹੈ, ਇਸ ਉੱਪਰ ਹੋਰ ਚਰਚਾ ਦੀ ਲੋੜ ਹੈ। ਜੇਕਰ ਅਸੀਂ ਪੰਜਾਬੀ ਦਰਸ਼ਨ ਦਾ ਆਰੰਭ ਰਿਗਵੇਦ ਵਿਚੋਂ ਲੱਭ ਕੇ ਅੱਗੇ ਉਪਨਿਸ਼ਦਾਂ, ਪੁਰਾਣਾਂ, ਸੂਫੀ ਰਚਨਾਵਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦਾ ਅਵਲੋਕਨ ਵੀ ਸ਼ਾਮਲ ਕਰ ਲਈਏ ਤਾਂ ਚਾਰ ਹਜ਼ਾਰ ਸਾਲਾਂ ਵਿਚਲਾ ਪੰਜਾਬੀ ਦਰਸ਼ਨ ਸਾਕਾਰ ਹੋ ਸਕਦਾ ਹੈ ਅਤੇ ਵਿਸ਼ਵ ਪੱਧਰ ਉੱਤੇ ਪ੍ਰਚਾਰਿਆ ਜਾ ਸਕਦਾ ਹੈ।

ਸਃ ਇਕ ਸਵਾਲ ਹੋਰ ਡਾ. ਜਸਪਾਲ ਸਿੰਘ ਦੇ ਪਰਚੇ ਬਾਰੇ ਕਰਨਾ ਚਾਹਾਂਗਾ। ਉਨ੍ਹਾਂ ਨੇ ਆਪਣੇ ਪਰਚੇ ਵਿਚ ਉਲੇਖ ਕੀਤਾ ਹੈ ਕਿ ਜੋ ਆਰੀਆਂ ਲੋਕਾਂ ਬਾਰੇ ਚਰਚਾ ਆਉਂਦਾ ਹੈ ਕਿ ਉਹ ਬਾਹਰੋਂ ਆਏ, ਇਹ ਠੀਕ ਨਹੀਂ, ਆਰੀਆ ਇਥੋਂ ਦੇ ਹੀ ਵਾਸੀ ਸਨ। ਜੇ ਆਪਾਂ ਇਹ ਗੱਲ ਮੰਨ ਲਈਏ ਤਾਂ ਸਵਾਲ ਪੈਦਾ ਹੁੰਦਾ ਹੈ ਉਹ ਕੌਣ ਲੋਕ ਸਨ ਜਿਨ੍ਹਾਂ ਨੇ ਨਵੇਂ

ਸਿਧਾਂਤ ਘੜ ਕੇ ਭਾਰਤੀ ਲੋਕਾਂ ਵਿਚ ਮਨੂੰ ਸਿਮਰਤੀ ਜਿਹੇ ਗ੍ਰੰਥ ਰਚ ਕੇ ਵਰਣ-ਵੰਡ ਸਥਾਪਤ ਕਰਕੇ ਭਾਰਤੀ ਲੋਕਾਂ ਵਿਚ ਵੰਡੀਆਂ ਪਾਈਆਂ ਤੇ ਜਾਤ ਪਾਤ ਨੂੰ ਜਨਮ ਦਿੱਤਾ?

ਜ਼ ਆਰੀਆਂ ਦੇ ਭਾਰਤ ਪ੍ਰਵੇਸ਼ ਬਾਰੇ ਦੋ ਰਾਵਾਂ ਪ੍ਰਚਲਤ ਹਨ। ਪੱਛਮੀ ਵਿਦਵਾਨਾਂ ਜਿਵੇਂ ਜਾਰਜ ਗਿਰੀਅਰਸਨ, ਡਾ. ਹੌਰਨਲੇ ਨੇ ਇਹ ਰਾਏ ਪੇਸ਼ ਕੀਤੀ ਹੈ ਕਿ ਆਰੀਆ ਲੋਕਾਂ ਦਾ ਜੱਦੀ ਘਰ ਭਾਰਤ ਤੋਂ ਬਾਹਰ ਇਰਾਨ ਜਾਂ ਮੱਧ ਏਸ਼ੀਆ ਸੀ। ਆਰਈਆ ਲੋਕ ਇਰਾਨ ਤੋਂ ਅਫਗਾਨਿਸਤਾਨ ਰਾਹੀਂ ਸਿੰਧ ਪੰਜਾਬ ਵਿਚ ਦਾਖਲ ਹੋਏ ਸਨ ਤੇ ਉਹ ਵੀ ਕਈ ਟੋਲੀਆਂ ਵਿਚ ਆਏ ਸਨ। ਇਸੇ ਕਰਕੇ ਭਾਰਤੀ ਆਰੀਆ ਭਾਸ਼ਾ ਦੋ ਤਰ੍ਹਾਂ ਦੀ ਮਿਲਦੀ ਹੈ। ਪ੍ਰੰਤੂ ਭਾਰਤੀ ਪਰੰਪਰਾ ਦੇ ਅਨੁਸਾਰ ਆਰੀਆ ਲੋਕ ਭਾਰਤ ਦੇ ਹੀ ਮੂਲ ਵਸਨੀਕ ਸਨ ਅਤੇ ਸੰਯੁਕਤ ਭਾਰਤ ਹੀ ਆਰੀਆਂ ਦਾ ਜੱਦੀ ਘਰ ਹੈ। ਹੁਣੇ ਜਿਹੇ ਦੋ ਖੋਜ ਗ੍ਰੰਥ ਪ੍ਰਕਾਸ਼ਤ ਹੋਏ ਹਨ-ਇਕ ਹੈ ਭਗਵਾਨ ਗਿਦਵਾਨੀ ਦਾ ਲਿਖਿਆ ਇਤਿਹਾਸਕ ਨਾਵਲ 'ਰੀਟਰਨ ਆਫ ਦੀ ਆਰੀਅਨਜ਼' ਅਤੇ ਦੂਜਾ ਹੈ ਡੇਵਿਡ ਟਵਾਗੁਲੇ ਦੀ ਪੁਸਤਕ 'ਦੀ ਮਿਥ ਆਫ ਆਰੀਅਨ ਇਨਵਿਜ਼ਨ ਆਫ ਇੰਡੀਆ'। ਇਨ੍ਹਾਂ ਵਿਦਵਾਨਾਂ ਨੇ ਪੱਛਮੀ ਵਿਦਵਾਨਾਂ ਦੀ ਥਿਊਰੀ ਨੂੰ ਰੱਦ ਕਰਕੇ ਇਹ ਰਾਏ ਸਥਾਪਤ ਕੀਤੀ ਹੈ ਕਿ ਆਰੀਆ ਲੋਕ ਭਾਰਤ ਦੇ ਹੀ ਮੂਲ ਵਸਨੀਕ ਸਨ ਅਤੇ ਇਹ ਵੀ ਲਿਖਿਆ ਕਿ ਸਿੰਧ ਵਾਦੀ ਸਭਿਅਤਾ ਵੀ ਪੁਰਾਤਨ ਆਰੀਆ ਲੋਕਾਂ ਦੀ ਦੇਣ ਹੈ। ਇਸ ਨੂੰ ਸਰਸਵਤੀ ਕਲਚਰ ਵੀ ਕਹਿੰਦੇ ਹਨ ਜਿਸ ਦੇ ਸਿੰਧ, ਪੰਜਾਬ, ਰਾਜਸਥਾਨ, ਹਰਿਆਣਾ ਆਦਿ ਸਥਾਨਾਂ ਵਿਚ ਕੋਈ ਪੰਜ ਸੌ ਤੋਂ ਵਧੇਰੇ ਨਿਸ਼ਾਨ ਮਿਲਦੇ ਹਨ। ਬਾਲ ਗੰਗਾਧਰ ਤਿਲਕ, ਡਾ. ਸੰਪੂਰਨਾਨੰਦ ਤੇ ਹੋਰ ਲੇਖਕਾਂ ਨੇ ਵੀ ਇਸ ਵਿਸ਼ੇ 'ਤੇ ਲਿਖਤਾਂ ਲਿਖੀਆਂ ਹਨ। ਮਨੂੰ ਸਿਮਰਤੀ ਵਾਲੀ ਜਿਹੜੀ ਰਚਨਾ ਹੈ ਇਹ ਪੰਜਾਬ ਵਿਚ ਨਹੀਂ ਹੋਈ, ਕਿਉਂਕਿ ਪੰਜਾਬ ਦੀ ਦੇਣ ਤਾਂ ਰਿਗਵੇਦ ਅਤੇ ਵੈਦਿਕ ਸਾਹਿਤ ਹੀ ਹੈ। ਵਰਣ ਵੰਡ ਦੀ ਵਿਵਸਥਾ ਦਾ ਪ੍ਰਚਾਰ ਗੰਗਾ-ਜਮਨਾ, ਦੁਆਬ ਵਿਚ ਕੁਝ ਆਰੀਆਂ ਦੇ ਟੋਲਿਆਂ ਨੇ ਜਾ ਕੇ ਕੀਤਾ ਲਗਦਾ ਹੈ।

ਸ਼ ਏਥੇ ਕੈਨੇਡਾ ਵਿਚ, ਅੱਜ ਕਲ੍ਹ ਕੀ ਰਚ ਰਹੇ ਹੋ? ਕੋਈ ਖੋਜ ਦਾ ਕਾਰਜ ਜਾਂ ਕੋਈ ਹੋਰ ਕੰਮ?

ਜ਼ ਇਨ੍ਹਾਂ ਦੋ ਤਿੰਨ ਸਾਲਾਂ ਦੌਰਾਨ ਮੈਂ ਤਿੰਨ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ "ਰੂਪ ਵਿਗਿਆਨ ਅਤੇ ਪੰਜਾਬੀ ਸ਼ਬਦ ਰਚਨਾ" ਅਤੇ "ਪ੍ਰਵਾਸੀ ਪੰਜਾਬੀ ਸਾਹਿਤ ਦਾ ਮੁੱਲ ਤੇ ਮੁਲੰਕਣ" ਛਪ ਚੁੱਕੀਆਂ ਹਨ। ਤੀਜੀ ਪੁਸਤਕ "ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ" ਛਪਾਈ ਅਧੀਨ ਹੈ। ਇਸ ਤੋਂ ਇਲਾਵਾ ਏਥੇ ਕੈਨੇਡਾ ਪ੍ਰਵਾਸ ਸਮੇਂ ਮੈਂ ਹਿੰਦੀ ਵਿਚ ਜਪੁਜੀ ਸਾਹਿਬ ਉੱਤੇ ਪ੍ਰਵਚਨ ਵੀ ਲਿਖਿਆ ਸੀ ਜਿਹੜਾ ਕਿ ਛਪ ਚੁੱਕਿਆ ਹੈ ਅਤੇ ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਆਦਿ ਹਿੰਦੀ ਬੋਲਦੇ ਸਿੱਖ ਸ਼ਰਧਾਲੂਆਂ ਨੂੰ ਪਸੰਦ ਆ ਰਿਹਾ ਹੈ।

ਸ਼ ਆਪਣੇ ਉਨ੍ਹਾਂ ਸਿਖਿਆਰਥੀਆਂ ਬਾਰੇ ਦੱਸੋ ਜਿਨ੍ਹਾਂ ਉੱਪਰ ਤੁਹਾਨੂੰ ਮਾਣ ਹੈ?

ਜ਼ ਸਾਲ ੧੯੫੦ ਤੋਂ ਲੈ ਕੇ ਜਦ ਤੋਂ ਮੈਂ ਪੰਜਾਬੀ ਪਠਨ-ਪਾਠਨ ਅਤੇ ਅਧਿਅਨ-ਅਧਿਆਪਨ ਦੇ ਕੰਮਾਂ ਵਿਚ ਪ੍ਰਵੇਸ਼ ਕੀਤਾ ਹੈ ਮੇਰੇ ਸੰਗ-ਸਾਥ ਪੜ੍ਹਨ ਵਾਲੇ ਅਨੇਕ ਪ੍ਰਤਿਭਾਸ਼ੀਲ ਵਿਦਿਆ ਅਭਿਲਾਸ਼ੀ ਵੱਖ-ਵੱਖ ਗਿਆਨ-ਖੇਤਰਾਂ ਵਿਚ ਨਿਪੁੰਨ ਹੋ ਕੇ ਅਤੇ ਉਚੇਰੇ ਜੀਵਨ ਵਿਚ ਸਥਾਪਤ ਹੋਏ ਹਨ। ਸਭ ਤੋਂ ਪਹਿਲਾਂ ਮੈਨੂੰ ਡਾ. ਕਰਨੈਲ ਸਿੰਘ ਥਿੰਦ ਹੁਰਾਂ ਉੱਤੇ ਮਾਣ ਹੈ ਜਿਹੜੇ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਸਕੂਲ ਦੇ ਮੁਖੀ ਤੇ ਪ੍ਰੋਫੈਸਰ ਰਹੇ, ਰਜਿਸਟਰਾਰ ਦੀ ਪਦਵੀ ਨੂੰ ਵੀ ਸੰਭਾਲਿਆ, ਹੋਰ ਵੀ ਉੱਚੀ ਪਦਵੀ ਜਿਵੇਂ ਡਾਇਰੈਕਟਰ ਪੰਜਾਬ ਸਟੇਟ ਯੂਨੀਵਰਟਿੀ ਟੈਕਟ ਬੁੱਕ ਬੋਰਡ ਵਜੋਂ ਕੰਮ ਕੀਤਾ। ਹੋਰਨਾਂ ਵਿਚ ਡਾ. ਬਲਵਿੰਦਰ ਕੌਰ ਬਰਾੜ ਅੱਜਕਲ੍ਹ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਮੁਖੀ, ਡਾ. ਗੁਰਪਾਲ ਸਿੰਘ ਸੰਧੂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਸੁਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਪਾਤਰ, ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਡਾ. ਹਰਜੀਤ ਸਿੰਘ ਗਿੱਲ, ਜਵਾਹਰ ਲਾਲ ਯੂਨੀਵਰਸਿਟੀ ਦਿੱਲੀ, ਡਾ. ਤਰਲੋਕ ਸਿੰਘ ਆਨੰਦ ਡੀਨ ਭਾਸ਼ਾਵਾਂ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਰਣਜੀਤ ਸਿੰਘ ਬਾਜਵਾ, ਡਾ. ਸਤਿੰਦਰ ਸਿੰਘ, ਪ੍ਰੋ-ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਧਰਮਬੀਰ ਰਾਇ ਮੁਖੀ ਪੰਜਾਬੀ ਵਿਭਾਗ ਦੁਆਬਾ ਕਾਲਜ ਜਲੰਧਰ।

ਸ਼ ਇਸ ਸਮੇਂ ਕਿਹੜੀ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਉੱਪਰ ਚੰਗਾ ਕੰਮ ਹੋ ਰਿਹਾ ਹੈ?

ਜ਼ ਪੰਜਾਬੀ ਭਾਸ਼ਾ ਦੇ ਅਧਿਐਨ ਨਾਲ ਸਬੰਧਤ ਦੋ ਯੂਨੀਵਰਸਿਟੀਆਂ ਵਿਚ ਮਹਿਕਮੇ ਹਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ। ਜਿਸ ਚਾਅ ਤੇ ਲਗਨ ਨਾਲ ਭਾਸ਼ਾ ਵਿਗਿਆਨਕ ਕੰਮ ਸ਼ੁਰੂ ਹੋਏ ਸਨ ਉਹ ਕੁਝ ਸਥਿਲ ਹੋ ਗਏ ਜਾਪਦੇ ਹਨ ਪਰ ਜਿੰਨਾ ਵੀ ਕੰਮ ਹੋਇਆ ਹੈ ਉਹ ਸ਼ਲਾਘਾਯੋਗ ਹੈ।

ਪ੍ਰੇਮ ਗੋਰਖੀ  ੩੦੦੫, ਸੈਕਟਰ ੨੯ ਡੀ, ਚੰਡੀਗੜ੍ਹ। ਫੋਨ ੨੬੫੫੮੭੭